ਕਹਾਣੀ

# ਇੱਲਾਂ

ਪ੍ਰੋ. ਨਿਰਮਲਜੀਤ ਕੌਰ ਸਿੱਧੂ

ਐਤਵਾਰ ਦੇ ਦਿਨ ਬੱਚੇ ਸੁੱਤੇ ਪਏ ਬੜਾ ਲੇਟ ਜਾਗਦੇ ਹਨ। ਬਾਕੀ ਘਰਦੇ ਮੈਂਬਰਾਂ ਨੂੰ ਖਾਸ ਕਰਕੇ ਮਾਵਾਂ ਨੂੰ ਇਸ ਦਿਨ ਸਵੇਰੇ ਸੌਣ ਦਾ ਕੁਝ ਜਿਆਦਾ ਸਮਾਂ ਮਿਲ ਜਾਂਦਾ ਹੈ। ਇਕ ਦਿਨ ਫ਼ੋਨ ਦੀ ਰਿੰਗ ਵੱਜਣ 'ਤੇ ਮੈਨੂੰ ਜਾਗ ਆ ਗਈ। ਮੇਰੇ 'ਹੈਲੋ...' ਕਹਿਣ ਤੇ ਇਕ ਰੋਂਦੀ ਰੋਂਦੀ ਪਤਲੀ ਜਿਹੀ ਆਵਾਜ਼ ਆਈ, "ਮੈਂ ਤਾਰੋ ਬੋਲਦੀ ਹਾਂ..." ਮੇਰੇ ਨਾਨਕੇ ਘਰ ਤਾਰੋ ਮੇਰੀ ਬਚਪਨ ਦੀ ਸਹੇਲੀ ਹੈ। ਸਾਡਾ ਵਿਆਹ ਵੀ ਇਕੋ ਕਸਬੇ ਵਿਚ ਹੋ ਗਿਆ ਸੀ। ਸਾਡਾ ਸਹੇਲਪੁਣਾ ਵੀ ਬਚਪਨ ਤੋਂ ਲੈ ਕੇ ਅੱਜ ਤੱਕ ਪਹਿਲੇ ਹੀ ਤਰ੍ਹਾਂ ਨਿਭ ਰਿਹਾ ਹੈ। ਤਾਰੋ ਤੇ ਮੇਰੇ ਬੱਚੇ ਇਕੋ ਸਕੂਲ ਤੇ ਇਕੋ ਕਾਲਜ ਵਿਚ ਪੜ੍ਹਦੇ ਹੋਣ ਕਰਕੇ ਇਨ੍ਹਾਂ ਦੀ ਵੀ ਆਪਸ ਵਿਚ ਗਹਿਰੀ ਸਾਂਝ ਬਣ ਗਈ ਹੈ।

ਫ਼ੋਨ 'ਤੇ ਐਨੀ ਸਵੇਰੇ ਤਾਰੋ ਦੇ ਰੋਣ ਨੇ ਹੈਰਾਨੀ ਤੇ ਪ੍ਰੇਸ਼ਾਨੀ ਵਿਚ ਪਾ ਦਿੱਤਾ। ਉਸ ਨੇ ਦੱਸਿਆ ਕਿ ਉਸ ਦੀ (ਧੀ) ਮਨਦੀਪ ਦਾ ਰੂਪ ਹੀ ਉਸ ਦਾ ਵੈਰੀ ਬਣ ਗਿਆ। ਉਹ ਬਾਜ਼ਾਰੋਂ ਘਰਦੀਆਂ ਕੁਝ ਚੀਜ਼ਾਂ ਲੈ ਕੇ ਆ ਰਹੀ ਸੀ ਕਿ ਪਤਾ ਨਹੀਂ ਕਦੋਂ ਪਾਪੀ ਗੁੰਡਿਆਂ ਨੇ 'ਇੱਲਾਂ' ਵਾਂਗ ਮਨਦੀਪ 'ਤੇ ਝਪਟਾਂ ਮਾਰ ਕੇ ਉਸ ਨੂੰ ਗੱਡੀ ਵਿਚ ਸੁੱਟ ਲਿਆ ਅਤੇ ਉਸ ਨੂੰ ਇਕ ਚੁਬਾਰੇ ਵਿਚ ਲੈ ਗਏ। ਉਥੇ ਕੁਝ ਹੋਰ ਗੁੰਡੇ ਵੀ ਸਨ। ਇਕ ਮੇਜ਼ 'ਤੇ ਉਨ੍ਹਾਂ ਸ਼ਰਾਬ ਦੀਆਂ ਬੋਤਲਾਂ ਤੇ ਹੋਰ ਵੀ ਕਿੰਨਾ ਕੁਝ ਖਾਣ ਵਾਸਤੇ ਰੱਖਿਆ ਹੋਇਆ ਸੀ। ਮਨਦੀਪ ਪਹਿਲਾਂ ਤਾਂ ਬਹੁਤ ਘਬਰਾ ਗਈ। ਪਰ ਫਿਰ ਪਤਾ ਨਹੀਂ ਉਸ ਵਿਚ ਐਨੀ ਸ਼ਕਤੀ ਕਿਥੋਂ ਆ ਗਈ ਕਿ ਉਸ ਨੇ ਚੁਬਾਰੇ ਤੋਂ ਛਾਲ ਮਾਰ ਦਿੱਤੀ। ਉਹ ਬਚ ਤਾਂ ਗਈ ਪਰ ਇਕ ਲੱਤ ਤੇ ਇਕ ਬਾਂਹ ਟੁੱਟ ਗਈ। ਸਾਰੀ ਗਲੀ ਵਿਚ ਰੌਲਾ ਪੈ ਗਿਆ। ਫਿਰ ਉਸ ਨੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿੱਤਾ। 'ਇੱਲਾਂ ਵਾਂਗ ਝਪਟਾ ਮਾਰ ਕੇ' ਸ਼ਬਦਾਂ ਨੇ ਮੇਰੇ ਨਾਨਕੇ ਘਰ ਮੇਰੇ ਨਾਲ ਵਾਪਰੀ ਇਸ ਘਟਨਾ ਨੂੰ ਮੇਰੇ ਅਚੇਤ ਮਨ ਦੀ ਡੂੰਘਾਈ ਵਿਚੋਂ ਕੱਢ ਕੇ ਮੇਰੇ ਸੁਚੇਤ ਮਨ ਦੇ ਚਿੱਤਰ ਪੱਟ 'ਤੇ ਉਕਰੀ ਯਾਦ ਤਾਜ਼ਾ ਹੋ ਗਈ। ਅਣਵੰਡੇ ਪੰਜਾਬ ਵਿਚ ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦ ਬੱਚਿਆਂ ਲਈ ਨਾਨਕਾ ਘਰ ਅੱਜ ਕੱਲ੍ਹ ਦੀਆਂ ਲਗਾਤਾਰ ਪਿਕਨਿਕਾਂ ਮਨਾਉਣ ਦੇ ਬਰਾਬਰ ਹੁੰਦਾ ਸੀ। ਤਾਹੀਉਂ ਤਾਂ ਸਕੂਲ ਵਿਚ ਪੜ੍ਹਨ ਵਾਲੇ ਬੱਚੇ ਸਕੂਲ ਦੀਆਂ ਛੁੱਟੀਆਂ ਖਾਸ ਕਰਕੇ ਗਰਮੀਆਂ ਵਿਚ ਦੋ ਮਹੀਨੇ ਦੀਆਂ ਛੁੱਟੀਆਂ ਨੂੰ ਉਡੀਕਦੇ ਰਹਿੰਦੇ ਸਨ ਕਿਉਂਕਿ ਇਨ੍ਹਾਂ ਛੁੱਟੀਆਂ ਵਿਚ ਨਾਨਕੇ ਘਰ ਜਾ ਕੇ ਮੌਜ ਮੇਲਾ ਕਰਨ ਦੇ ਕਾਫ਼ੀ ਦਿਨ ਮਿਲ ਜਾਂਦੇ ਸੀ। ਉਨ੍ਹਾਂ ਦਿਨਾਂ ਵਿਚ ਅਜੇ ਭਾਰਤ ਵਿਚ ਟੀ.ਵੀ. ਦੀ ਆਮਦ ਨਹੀਂ ਹੋਈ ਸੀ। ਲੜਕੇ ਦੋੜਾਂ ਵਿਚ ਜਾ ਕੇ ਖਿੱਦੋ ਖੂੰਡੀ ਜਾਂ ਕੌਡੀ ਕੌਡੀ ਖੇਡਦੇ ਤੇ ਕੁੜੀਆਂ ਅੱਡੀ ਟੱਪਾ, ਕੋਟਲਾ ਛਪਾਕੀ, ਲੁਕੀ ਛਿਪੀ ਜਾਣਾ, ਸ਼ੱਕਰ ਭਿੱਜਨੀ ਜਾਂ ਗੁੱਡੀ ਗੁੱਡੇ ਦਾ ਘਰ ਬਣਾ ਕੇ ਖੇਡਦੀਆਂ ਹੁੰਦੀਆਂ ਸਨ। ਨਾਨਕੇ ਘਰ ਜਾਣ ਤੋਂ ਕਈ ਦਿਨ ਪਹਿਲਾਂ ਬੱਚੇ ਆਪਣੀ ਤਿਆਰੀ ਵਿਚ ਰੁਝ ਜਾਂਦੇ ਸਨ। ਇਸ ਖੁਸ਼ੀ ਵਿਚ ਦੋ ਦੋ ਕੁੜੀਆਂ ਇਕ ਦੂਜੀ ਦਾ ਹੱਥ ਫੜ ਕੇ ਗੋਲ ਚੱਕਰ ਵਿਚ ਗੇੜੇ ਦੇ ਕੇ ਗਾਉਂਦੀਆਂ ਸਨ:

ਨਾਨਕੇ ਘਰ ਜਾਵਾਂਗੇ
ਝੱਗਾ ਚੁੰਨੀ ਲਿਆਵਾਂਗੇ
ਲਾਲ ਮੌਜੇ ਪਾਵਾਂਗੇ
ਲੱਡੂ ਪੇੜੇ ਖਾਵਾਂਗੇ।

ਅੱਗੋਂ ਨਾਨਕੇ ਘਰ ਨਾਨਾ-ਨਾਨੀ, ਮਾਸੀਆਂ, ਮਾਮੇ-ਮਾਮੀਆਂ ਤੇ ਗਲੀ-ਗੁਆਂਢ ਦੇ ਸਾਰੇ ਬੱਚੇ ਵੀ ਦਿਨ ਗਿਣਦੇ ਕਿ ਕਦੋਂ ਇਕੱਠੇ ਹੋ ਕੇ ਮਸਤੀਆਂ ਕਰਾਂਗੇ। ਸੱਚਮੁੱਚ ਹੀ ਨਾਨਕੇ ਘਰਉ_ਨ੍ਹਾਂ ਦਨਾਂ ਵਚਬ`ਚਿਆਂਨੂੰ ਖ`ਡਣ ਮੱਲਣ ਦੁੱਧ, ਦਹੀਂ, ਮੱਖਣ, ਲੱਸੀ, ਚੂਰੀ, ਸ਼ੱਕਰ-ਘਿਓ, ਗੁੜ ਖਾਣ ਪੀਣ ਦੀ ਮੌਜ ਹੁੰਦੀ ਸੀ। ਇਸ ਤੋਂ ਬਿਨਾਂ ਕਿਸੇ ਦੀ ਹਿੜਕ ਨਾ ਝਿੜਕ। ਆਜ਼ਾਦ ਪੰਛੀਆਂ ਦੀ ਤਰ੍ਹਾਂ ਆਸਮਾਨ ਵਿਚ ਉਡਾਰੀ ਲਾਉਣ ਦੀ ਥਾਂ ਗਲ੍ਹੀਆਂ ਵਿਚ ਬੱਚੇ ਉਡਦੇ ਹੀ ਫਿਰਦੇ ਸਨ। ਧਰਤੀ 'ਤੇ ਪੈਰ ਤਾਂ ਉਨ੍ਹਾਂ ਦੇ ਲਗਦੇ ਹੀ ਨਹੀਂ ਸਨ। ਦੋਹਤੇ ਦੋਹਤੀਆਂ ਨੂੰ ਤਾਂ ਸਾਰਾ ਪਿੰਡ ਪਿਆਰਦਾ ਤੇ ਸਤਿਕਾਰਦਾ ਸੀ।

ਮੈਂ ਵੀ ਛੁੱਟੀਆਂ ਵਿਚ ਸਕੂਲ ਦਾ ਕੰਮ ਜਲਦੀ ਜਲਦੀ ਨਿਬੇੜ ਕੇ ਨਾਨਕੇ ਘਰ ਭੱਜਦੀ ਸਾਂ। ਉਥੇ ਆ ਕੇ ਸਕੂਲ ਦਾ ਕੰਮ ਹੁੰਦਾ ਹੀ ਨਹੀਂ ਸੀ। ਸਾਰਾ ਸਾਰਾ ਦਿਨ ਤੇ ਚੰਨ ਚਾਨਣੀ ਰਾਤ ਨੂੰ ਵੀ ਆਪਣੀਆਂ ਸਹੇਲੀਆਂ ਤਾਰੋ, ਬਚਨੋ, ਸੀਤਾ, ਰਾਸ਼ੀ, ਪ੍ਰਤੀ, ਰੱਜੋ, ਨਿੱਕੀ, ਨਜ਼ਮਾਂ ਨਾਲ ਖੇਡਦੀ ਹੀ ਰਹਿੰਦੀ ਸਾਂ। ਜਦੋਂ ਭੁੱਖ ਮਹਿਸੂਸ ਹੋਣੀ ਤਾਂ ਘਰ ਆ ਕੇ ਰੋਟੀ ਖਾ ਜਾਣੀ ਤੇ ਫਿਰ ਸਹੇਲੀਆਂ ਨਾਲ ਰਲ ਕੇ ਲੁਕ ਛਿਪ ਜਾਣਾ, ਅੱਡੀ-ਛੜੱਪਾ, ਛੂਹ-ਛੁਹਾਈ ਜਾਂ ਟੁੱਟੀਆਂ ਵੰਗਾਂ ਦੇ ਟੁਕੜਿਆਂ ਨਾਲ ਜਿੱਤ ਹਾਰ ਖੇਡਣ ਲੱਗ ਜਾਣਾ। ਜਦੋਂ ਥੱਕ ਜਾਣਾ ਤਾਂ ਕਿਸੇ ਵੀ ਸਹੇਲੀ ਦੇ ਘਰ ਦੇ ਦਲਾਨ ਜਾਂ ਗਲੀ ਦੇ ਇਕ ਪਾਸੇ ਬੈਠ ਕੇ ਦਿਨ ਨੂੰ ਹੀ ਰੂਪ-ਬਸੰਤ, ਮਤਰੇਈ ਮਾਂ, ਰਾਜੇ ਰਾਣੀਆਂ, ਭੂਤਾਂ ਚੜੇਲਾਂ ਦੀਆਂ ਬਾਤਾਂ ਪਾਉਣ ਲੱਗ ਜਾਣਾ ਜਾਂ ਬੁੱਝਣ ਵਾਲੀਆਂ ਬੁਝਾਰਤਾਂ ਪਾਉਣੀਆਂ ਸਾਡਾ-ਮਨ ਭਾਉਂਦਾ ਸ਼ੁਗਲ ਸੀ। ਉਨ੍ਹਾਂ ਦਿਨਾਂ ਵਿਚ ਮੇਰੇ ਤੋਂ ਬਿਨਾਂ ਕਿਸੇ ਸਹੇਲੀ ਨੇ ਰੇਲ ਗੱਡੀ ਨਹੀਂ ਸੀ ਵੇਖੀ। ਮੈਂ ਇਕ ਦਿਨ ਬੁਝਾਰਤ ਪਾ ਦਿੱਤੀ:

**"ਇਕ ਜ਼ਨਾਨੀ ਮੈਂ ਦੇਖੀ ਹੁੱਕਾ ਪੀਂਦੀ ਜਾਵੇ।"**

ਸਾਰੀਆਂ ਸਹੇਲੀਆਂ ਵਿਚੋਂ ਕਿਸੇ ਤੋਂ ਇਹ ਬਾਤ ਬੁੱਝੀ ਨਾ ਗਈ। ਥੋੜੇ ਕਹਿਣ ਲੱਗੀ, "ਰੱਜੋ, ਤੂੰ ਦੱਸ, ਤੇਰਾ ਅੱਬੂ ਤਾਂ ਹਰ ਰੋਜ਼ ਹੁੱਕਾ ਪੀਂਦਾ ਗੁੜ ਗੁੜ ਕਰਦਾ ਹੈ।"

ਉਹ ਝੱਟ ਬੋਲ ਪਈ, "ਹੁੱਕਾ ਮੇਰਾ ਅੱਬੂ ਪੀਂਦਾ ਹੈ। ਮੇਰੀ ਮਾਂ ਤਾਂ ਨਹੀਂ ਪੀਂਦੀ। ਇਸ ਨੇ ਤਾਂ ਜ਼ਨਾਨੀ ਹੁੱਕਾ ਪੀਂਦੀ ਦੇਖੀ ਹੈ। ਮੈਨੂੰ ਤਾਂ ਪਤਾ ਨਹੀਂ ਲੱਗਦਾ ਇਸ ਦੀ ਬਾਤ ਦਾ।" ਇਸ ਗੱਲ ਤੇ ਸਾਰੀਆਂ ਹੱਸ ਪਈਆਂ ਤੇ ਮੈਨੂੰ ਕਹਿਣ ਲੱਗੀਆਂ, "ਇਹ ਬਾਤ ਗਲਤ ਹੈ। ਆਦਮੀ ਹੁੱਕਾ ਪੀਂਦੇ ਹਨ। ਜ਼ਨਾਨੀਆਂ ਹੁੱਕਾ ਪੀਂਦੀਆਂ ਕਦੀ ਨਹੀਂ ਦੇਖੀਆਂ।" ਮੈਂ ਕਿਹਾ, "ਬਾਤ ਤਾਂ ਬਿਲਕੁਲ ਠੀਕ ਹੈ।" ਫਿਰ ਸਾਰੀਆਂ ਨੇ ਮੇਰੇ 'ਤੇ ਜ਼ੋਰ ਪਾ ਕੇ ਇਸ ਦਾ ਜਵਾਬ ਪੁੱਛਿਆ।

ਜਦ ਮੈਂ 'ਰੇਲਗੱਡੀ' ਕਿਹਾ ਤਾਂ ਸਾਰੀਆਂ ਸਹੇਲੀਆਂ ਹੈਰਾਨੀ ਨਾਲ ਮੇਰੇ ਵੱਲ ਵੇਖਣ ਲੱਗ ਪਈਆਂ। ਮੈਂ ਉਨ੍ਹਾਂ ਨੂੰ ਲੋਹੇ ਦੀਆਂ ਲੀਹਾਂ 'ਤੇ ਭੱਜੀ ਜਾਂਦੀ ਤੇ ਧੂੰਆਂ ਛੱਡਦੀ ਰੇਲਗੱਡੀ ਬਾਰੇ ਦੱਸਿਆ। ਉਹ ਮੇਰੀ ਇਸ ਜਾਣਕਾਰੀ ਤੇ ਬੜੀਆਂ ਹੀ ਹੈਰਾਨ ਹੋਈਆਂ। ਮੈਨੂੰ ਰੱਜੋ ਕਹਿਣ ਲੱਗੀ, "ਭੈਣੇ ਅਸੀਂ ਤਾਂ ਪੜ੍ਹੀਆਂ ਨਹੀਂ। ਆਪਣੇ ਪਿੰਡ ਤੋਂ ਬਿਨਾਂ ਅਸੀਂ ਕਿਤੇ ਗਈਆਂ ਨਹੀਂ। ਰੇਲ ਗੱਡੀਆਂ ਅਸੀਂ ਵੇਖੀਆਂ ਨਹੀਂ। ਅਸੀਂ ਤਾਂ ਆਪਣੇ ਪਿੰਡ ਦੇ ਖੂਹ ਦੀਆਂ ਡੱਡਾਂ ਹਾਂ।"

ਮੈਂ ਉਸ ਵੇਲੇ ਆਪਣੇ ਆਪ ਨੂੰ ਇਕ ਖਾਸ ਹੀ ਕੁੜੀ ਸਮਝ ਰਹੀ ਸਾਂ। ਮੇਰੀ ਨਾਨੀ, ਮਾਸੀ ਜਾਂ ਹੋਰ ਕਿਸੇ ਸਿਆਣੀ ਜ਼ਨਾਨੀ ਨੇ ਸਾਨੂੰ ਕਈ ਵਾਰੀ ਕਹਿਣਾ, "ਦਿਨ ਨੂੰ ਬਾਤਾਂ ਨਾ ਪਾਵੋ ਕੁੜੀਓ। ਦਿਨ ਨੂੰ ਬਾਤਾਂ ਪਾਉਣ ਤੇ ਰਾਹੀ ਤੇ ਮਾਮੇ ਰਾਹ ਭੁੱਲ ਜਾਂਦੇ ਹਨ।"

ਪਰ ਸਾਡਾ ਜਵਾਬ ਹੁੰਦਾ, "ਭਲਾ ਬਾਤਾਂ ਅਸੀਂ ਇਥੇ ਪਾਉਂਦੀਆਂ ਹਾਂ ਤੇ ਕਿਤੇ ਹੋਰ ਥਾਂ ਜਾ ਰਹੇ ਰਾਹੀ ਤੇ ਮਾਮੇ ਰਾਹ ਕਿਵੇਂ ਭੁੱਲ ਜਾਣਗੇ। ਤੁਸੀਂ ਤਾਂ ਐਵੇਂ ਹੀ ਸਾਨੂੰ ਬਾਤਾਂ ਪਾਉਣ ਤੋਂ ਹਟਾਉਂਦੀਆਂ ਹੋ।" ਫਿਰ ਅਸੀਂ ਸਾਰੀਆਂ ਨੇ ਉਚੀ ਉਚੀ ਹੱਸਣ ਲੱਗ ਜਾਣਾ।

ਇਕ ਦਿਨ ਜਾਂਦਿਆਂ-ਜਾਂਦਿਆਂ ਇਕ ਗੁਆਂਢਣ ਨਾਨੀ ਨੇ ਕਿਹਾ, "ਸਤੌਲਾਂ ਜਦ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਕਿਸੇ ਦੀ ਗੱਲ ਕਿਹੜਾ ਮੰਨਦੀਆਂ ਹਨ। ਸਗੋਂ ਅੱਗੋਂ ਦੰਦ ਕੱਢਣ ਲੱਗ ਜਾਂਦੀਆਂ ਹਨ।" ਅਸੀਂ ਹੋਰ ਉਚੀ ਉਚੀ ਹੱਸਣ ਲੱਗ ਪਈਆਂ। ਉਹ ਚੁੱਪ ਕਰਕੇ ਅੱਗੇ ਚਲੀ ਗਈ। ਇਕ ਦਿਨ ਖੇਡਦਿਆਂ ਖੇਡਦਿਆਂ ਮੈਨੂੰ ਬੜੀ ਭੁੱਖ ਲੱਗੀ। ਮੈਂ ਭੱਜੀ ਭੱਜੀ ਆਪਣੇ ਘਰ ਆ ਗਈ ਅਤੇ ਆਪਣੀ ਨਾਨੀ ਨੂੰ ਛੇਤੀ ਰੋਟੀ ਦੇਣ ਲਈ ਕਿਹਾ। ਮੇਰੀ ਨਾਨੀ ਜਾਣਦੀ ਸੀ ਕਿ ਇਸ ਵੇਲੇ ਇਹ ਸ਼ੱਕਰ ਘਿਉ ਨਾਲ ਜਾਂ ਰੋਟੀ ਤੇ ਮੱਖਣ 'ਤੇ ਚਿੱਬੜਾਂ ਦੀ ਚੱਟਨੀ ਰਲਾ ਕੇ ਜਾਂ ਚੂਰੀ ਕੁੱਟ ਕੇ ਰੋਟੀ ਖਾਂਦੀ ਹੁੰਦੀ ਹੈ। ਮੇਰੀ ਨਾਨੀ ਨੇ ਸ਼ੱਕਰ ਵਿਚ ਘਿਉ ਰਲ੍ਹਾ ਕੇ ਰੋਟੀ ਵਾਲੀ ਥਾਲ੍ਹੀ ਮੇਰੇ ਅੱਗੇ ਕਰ ਦਿੱਤੀ।

ਮੈਂ ਰੋਟੀ ਵਾਲੀ ਥਾਲ੍ਹੀ ਲੈ ਕੇ ਬਾਹਰ ਵਿਹੜੇ ਵਿਚ ਡਹੇ ਹੋਏ ਮੰਜੇ 'ਤੇ ਬੈਠ ਗਈ ਤੇ ਬੜੇ ਮਜ਼ੇ ਨਾਲ ਰੋਟੀ ਖਾਣ ਲੱਗ ਪਈ। ਉਸੇ ਵੇਲੇ ਮੇਰੀ ਨਾਨੀ ਕਹਿਣ ਲੱਗੀ, "ਬਾਹਰ ਆਸਮਾਨ 'ਤੇ ਇੱਲਾਂ ਉਡ ਰਹੀਆਂ ਹਨ। ਤੂੰ ਅੰਦਰ ਬੈਠ ਕੇ ਰੋਟੀ ਖਾ ਲੈ। ਇੱਲ ਰੋਟੀ ਤੇ ਬੜੀ ਛੇਤੀ ਝਪਟ ਮਾਰਦੀ ਹੈ ਤੇ ਖਾਣ ਵਾਲੇ ਨੂੰ ਆਪਣੀ ਚੁੰਝ ਨਾਲ ਬੁਰੀ ਤਰ੍ਹਾਂ ਜ਼ਖਮੀ ਕਰ ਜਾਂਦੀ ਹੈ।" ਪਰ ਮੇਰੀ ਨਿਆਣੀ ਮੱਤ, ਮੈਂ ਆਪਣੀ ਨਾਨੀ ਦੀ ਗੱਲ ਅਣਗੌਲੀ ਕਰ ਦਿੱਤੀ। ਮੈਂ ਉਸੇ ਥਾਂ ਬੈਠੀ ਰੋਟੀ ਖਾਂਦੀ ਰਹੀ।

ਨਾਨੀ ਨੇ ਫਿਰ ਅੰਦਰ ਜਾਣ ਲਈ ਕਿਹਾ। ਪਰ ਮੈਂ ਉਚੀ ਤੇ ਕੁਝ ਗੁੱਸੇ ਵਾਲੀ ਆਵਾਜ਼ ਵਿਚ ਕਿਹਾ, "ਇੱਲਾਂ ਤਾਂ ਆਸਮਾਨ ਵਿਚ ਬਹੁਤ ਉਚੀਆਂ ਘੇਰਾ ਜਿਹਾ ਬਣਾ ਕੇ ਉਡ ਰਹੀਆਂ ਹਨ। ਨਾਨੀ ਤੂੰ ਤਾਂ ਐਵੇਂ ਹੀ ਇਨ੍ਹਾਂ ਇੱਲਾਂ ਤੋਂ ਡਰੀ ਜਾਂਦੀ ਹੈਂ।"

ਸ਼ੱਕਰ ਘਿਉ ਨਾਲ ਰੋਟੀ ਖਾਂਦਿਆਂ ਆਪਣੀਆਂ ਸਹੇਲੀਆਂ ਤੇ ਖੇਡਣ ਨੂੰ ਮੈਂ ਆਪਣੀ ਯਾਦ ਵਿਚੋਂ ਹੀ ਕੱਢ ਦਿੱਤਾ ਸੀ ਕਿ ਮੇਰੇ ਸਿਰ 'ਤੇ ਫਰਰ ਫਰਰ ਕਰਦਾ ਕੁਝ ਇੰਨੇ ਜ਼ੋਰ ਨਾਲ ਡਿੱਗਾ ਕਿ ਮੈਂ ਮੰਜੇ ਤੋਂ ਹੇਠਾਂ ਡਿੱਗ ਪਈ ਤੇ ਮੇਰੀਆਂ ਚੀਕਾਂ ਨਿਕਲ ਗਈਆਂ। ਮੇਰੀਆਂ ਅੱਖਾਂ ਅੱਗੇ ਤਾਰੇ ਜਿਹੇ ਘੁੰਮ ਰਹੇ ਸਨ। ਮੇਰੇ ਸਿਰ ਦੇ ਵਿਚਕਾਰੋਂ ਖ਼ੂਨ ਦੇ ਤੁਪਕੇ ਧਰਤੀ 'ਤੇ ਡਿੱਗ ਰਹੇ ਸਨ। ਇੱਲ ਪਤਾ ਨਹੀਂ ਕਦੋਂ ਤੇ ਕਿਵੇਂ ਆਪਣੀ ਤਿੱਖੀ ਜਿਹੀ ਚੁੰਝ ਨਾਲ ਮੇਰੀ ਰੋਟੀ ਖੋਹ ਕੇ ਕਿੱਥੇ ਉਡ ਗਈ ਸੀ। ਮੇਰੀ ਨਾਨੀ ਤੇ ਮਾਸੀ ਚੀਕਾਂ ਮਾਰਦੀਆਂ ਭੱਜੀਆਂ ਆਈਆਂ। ਮੈਨੂੰ ਪਾਣੀ ਪਿਲਾਇਆ। ਮੈਂ ਉਚੀ-ਉਚੀ ਰੋ ਰਹੀ ਸਾਂ। ਮੇਰੀ ਨਾਨੀ ਤੇ ਮਾਸੀ ਮੇਰਾ ਹੱਥ ਫੜ ਕੇ ਨਾਲ ਦੀ ਗਲੀ ਵਿਚ ਕਿ ਹਕੀਮ ਪਾਸ ਲੈ ਗਈਆਂ। ਮੈਨੂੰ ਰੋਂਦੀ ਤੇ ਮੇਰੇ ਸਿਰ ਵਿਚੋਂ ਖ਼ੂਨ ਵਗਦਾ ਦੇਖ ਕੇ ਮੇਰੀ ਨਾਨੀ ਤੇ ਮਾਸੀ ਨਾਲ ਸੌਤ-ਔਠ ਗੁਆਂਢਣਾਂ ਤੇ ਮੇਰੀਆਂ ਸਹੇਲੀਆਂ ਜੋ ਗਲੀ ਵਿਚ ਖੇਡਦੀਆਂ ਸਨ ਸਾਡੇ ਨਾਲ ਹੀ ਹਕੀਮ ਦੀ ਦੁਕਾਨ ਤੇ ਆ ਗਈਆਂ ਸਨ। ਮੇਰੀਆਂ ਕਈ ਸਹੇਲੀਆਂ ਤਾਰੋ, ਬਚਨੋ ਤੇ ਰੱਜੋ ਤਾਂ ਮੈਨੂੰ ਰੋਂਦੀ ਨੂੰ ਦੇਖ ਕੇ ਰੋਣ ਹੀ ਲੱਗ ਪਈਆਂ। ਹਕੀਮ ਨੇ ਮੈਨੂੰ ਬੜਾ ਦਿਲਾਸਾ ਦਿੱਤਾ ਤੇ ਕਹਿਣ ਲੱਗਾ, "ਸਾਡੀ ਦੋਹਤਰੀ ਦੇ ਇੱਲ ਠੂੰਗਾ ਮਾਰ ਗਈ। ਰੋਣਾ ਨਹੀਂ ਕੁੜੇ। ਤੂੰ ਹੁਣੇ ਹੀ ਠੀਕ ਹੋ ਜਾਵੇਂਗੀ।" ਮੈਂ ਫਿਰ ਹੋਰ ਉਚੀ ਰੋਣਾ ਸ਼ੁਰੂ ਕਰ ਦਿੱਤਾ। ਹਕੀਮ ਨੇ ਮੇਰੇ ਸਿਰ ਵਿਚੋਂ ਨਿਕਲ ਰਿਹਾ ਖ਼ੂਨ ਸਾਫ਼ ਕਰਕੇ ਰੂੰ ਦੇ ਫੰਬੇ ਨੂੰ ਦੁਆਈ ਲਗਾ ਕੇ ਜ਼ਖ਼ਮ ਤੇ ਰੱਖ ਦਿੱਤਾ। ਇਕੋ ਖਾਕੀ ਜਿਹੀ ਦੁਆਈ ਦੀ ਪੁੜੀ ਪਾਣੀ ਨਾਲ ਦੇ ਦਿੱਤੀ ਤੇ ਚਾਰ ਪੁੜੀਆਂ ਬਣਾ ਕੇ ਸੁਬ੍ਹਾ-ਸ਼ਾਮ ਰੋਟੀ ਖਾਣ ਤੋਂ ਪਿੱਛੋਂ ਪਾਣੀ ਨਾਲ ਦੇਣ ਲਈ ਮੇਰੀ ਨਾਨੀ ਨੂੰ ਕਹਿ ਦਿੱਤਾ। ਜਦ ਮੇਰੀ ਨਾਨੀ ਆਪਣੀ ਜੇਬ ਵਿਚੋਂ ਪੈਸੇ ਕੱਢ ਕੇ ਹਕੀਮ ਨੂੰ ਦੇਣ ਲਈ ਅੱਗੇ ਹੋਈ ਤਾਂ ਉਹ ਆਪਣੀ ਥਾਂ ਤੋਂ ਪਿੱਛੇ ਹੋ ਕੇ ਕਹਿਣ ਲੱਗਾ, "ਦੋਹਤਰੀ ਦੀ ਦੁਆਈ ਦੇ ਮੈਂ ਪੈਸੇ ਲਵਾਂਗਾ। ਕਦੀ ਵੀ ਨਹੀਂ। ਇਹ ਪੈਸੇ ਆਪਣੀ ਜੇਬ ਵਿਚ ਹੀ ਪਾ ਲਓ।"

ਦੁਆਈ ਲੈ ਕੇ ਮੈਨੂੰ ਕੁਝ ਚੈਨ ਜਿਹੀ ਆ ਗਈ। ਪਰ ਜਦ ਵੀ ਕੋਈ ਇਸ ਦਾ ਨਾਮ ਲੈਂਦਾ, ਮੈਂ ਉਚੀ ਉਚੀ ਰੋਣਾ ਸ਼ੁਰੂ ਕਰ ਦਿੰਦੀ। ਮੇਰੇ ਨਾਨਕੇ ਘਰ ਦੇ ਸਾਰੇ ਲੋਕ, ਔਰਤਾਂ ਤੇ ਮੇਰੀਆਂ ਸਹੇਲੀਆਂ ਮੇਰਾ ਹਾਲ ਚਾਲ ਕਿੰਨੇ ਹੀ ਦਿਨ ਪੁੱਛਦੇ ਰਹੇ। ਮੇਰੀਆਂ ਸਹੇਲੀਆਂ ਇੱਲਾਂ ਨੂੰ ਕਿੰਨੇ ਦਿਨ ਗਾਲ੍ਹਾਂ ਕੱਢਦੀਆਂ ਰਹੀਆਂ। ਉਨ੍ਹਾਂ ਦੀਆਂ ਉਹ ਗਾਲ੍ਹਾਂ ਯਾਦ ਕਰਕੇ ਅੱਜ ਵੀ ਮੈਨੂੰ ਕਈ ਵਾਰ ਇਕੱਲੀ ਨੂੰ ਹਾਸਾ ਆ ਜਾਂਦਾ ਹੈ।

ਅੱਜ ਮੈਂ ਸੋਚਦੀ ਹਾਂ, ਬੜਾ ਹੀ ਸੋਚਦੀ ਹਾਂ ਕਿ ਉਨ੍ਹਾਂ ਦਿਨਾਂ ਤੇ ਅੱਜ ਦੇ ਦਿਨਾਂ ਦਾ ਕਿੰਨਾ ਅੰਤਰ ਹੈ। ਉਨ੍ਹਾਂ ਵੇਲਿਆਂ ਦੀ ਇੱਲ ਦੀ ਇਕ ਝਪਟ ਨੇ ਮੇਰੇ ਨਾਨਕਿਆਂ ਦੀ ਸਾਰੀ ਗਲ੍ਹੀ ਦੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪਰ ਅੱਜ ਦੇ ਸਮਾਜ ਵਿਚ ਸਾਡੀਆਂ ਧੀਆਂ ਭੈਣਾਂ ਨਾਲ ਕੀ ਕੁਝ ਨਹੀਂ ਹੋ ਰਿਹਾ। ਹਰ ਰੋਜ਼ ਜਦ ਅਖ਼ਬਾਰਾਂ ਵਿਚ ਲੜਕੀਆਂ ਨਾਲ ਬਲਾਤਕਾਰ ਦੀਆਂ ਖ਼ਬਰਾਂ ਆਉਂਦੀਆਂ ਹਨ ਤੇ ਛੋਟੀਆਂ-ਛੋਟੀਆਂ ਭੋਲ੍ਹੀਆਂ ਭਾਲ੍ਹੀਆਂ ਕੋਮਲ ਜਿਹੀਆਂ ਬੱਚੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ ਜਾਂਦਾ ਹੈ। ਅੱਜ ਗਲ੍ਹੀਆਂ ਵਿਚ ਖੇਡਦੇ ਬੱਚੇ ਅਲੋਪ ਹੋ ਰਹੇ ਹਨ। ਉਨ੍ਹਾਂ ਦੇ ਸੱਚੇ ਸੁੱਚੇ ਹਾਸੇ ਸਾਨੂੰ ਸੁਨਣ ਨੂੰ ਨਹੀਂ ਮਿਲ ਰਹੇ। ਬੱਚਿਆਂ ਤੋਂ ਬਿਨਾਂ ਗਲ੍ਹੀਆਂ ਸੁੰਨੀਆਂ ਰਹਿੰਦੀਆਂ ਹਨ। ਸੁੰਨੇਪਨ ਦਾ ਡਰਾਉਣਾ ਦ੍ਰਿਸ਼ ਕਿੰਨਾ ਦੁਖਦਾਈ ਲੱਗਦਾ ਹੈ। ਖੇਲ ਰਹੇ ਬੱਚਿਆਂ ਨੂੰ ਅਗਵਾ ਕਰਕੇ ਫਿਰੌਤੀਆਂ ਮੰਗਦੀਆਂ ਜਾਂਦੀਆਂ ਹਨ। ਫਿਰੌਤੀ ਨਾ ਦੇਣ ਦੀ ਹਾਲਤ ਵਿਚ ਬੱਚਿਆਂ ਦੀਆਂ ਲਾਸ਼ਾਂ ਮਿਲਦੀਆਂ ਹਨ। ਕਿੰਨਾ ਦਹਿਲ ਵਾਲਾ ਸੀਨ ਹੁੰਦਾ ਹੈ। ਅਖ਼ਬਾਰਾਂ ਵਿਚ ਇਹ ਸਭ ਕੁਝ ਪੜ੍ਹਕੇ ਮੈਨੂੰ ਨਾਨਕਿਆਂ ਵਾਲੀ ਇੱਲ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਮੈਂ ਅੱਜ ਵੀ ਇੱਲਾਂ ਦੇ ਨਾਮ ਤੋਂ ਡਰਦੀ ਹਾਂ। ਅੱਜ ਭਾਵੇਂ 'ਇੱਲਾਂ' ਅਸਮਾਨ ਵਿਚ ਨਹੀਂ ਉਡਦੀਆਂ, ਪਤਾ ਨੀ ਇਹ ਕਿੱਥੇ ਗਾਇਬ ਹੋ ਗਈਆਂ ਹਨ?

ਪਰ ਇਹ ਗਾਇਬ ਨਹੀਂ ਹੋਈਆਂ। ਇਹ ਤਾਂ ਸਗੋਂ ਅਸਮਾਨ ਵਿਚੋਂ ਉਡਣਾ ਬੰਦ ਕਰਕੇ ਧਰਤੀ 'ਤੇ ਆ ਗਈਆਂ ਹਨ। ਉਨ੍ਹਾਂ ਨੇ ਤਾਂ ਅੱਜ ਘਰਾਂ ਵਿਚ, ਗਲੀਆਂ ਦੇ ਮੋੜਾਂ ਤੇ, ਯੂਨੀਵਰਸਿਟੀਆਂ ਵਿਚ, ਸਕੂਲਾਂ, ਕਾਲਜਾਂ ਅਤੇ ਸਰਕਾਰੀ ਦਫ਼ਤਰਾਂ ਵਿਚ ਆ ਕੇ ਬੜੀ ਆਜ਼ਾਦੀ ਨਾਲ ਵਿਚਰਨਾ ਸ਼ੁਰੂ ਕਰ ਦਿੱਤਾ ਹੈ। ਅੱਜ ਉਹ ਰੋਟੀ 'ਤੇ ਹੀ ਝਪਟ ਨਹੀਂ ਮਾਰਦੀਆਂ, ਸਗੋਂ ਉਹ ਆਪਣੇ ਸ਼ਿਕਾਰ ਦਾ ਮਾਸ ਨੋਚ ਕੇ ਖਾਂਦੀਆਂ ਤੇ ਲਹੂ ਪੀਂਦੀਆਂ ਹਨ। ਮਾਂਬ ਾਪਰ ਦੀਂ ਪੱਟਦੇਕ ਾਨੂੰਨਅ` ਗੇਵ ਾਸਤੇ ਪਾਉਂਦੇ ਹਨ। ਪਰ ਲੋਕਾਂ ਦੀ ਰਾਖੀ ਕਰਨ ਵਾਲੇ ਉਨ੍ਹਾਂ ਵਿਲਕਦਿਆਂ ਮਾਪਿਆਂ ਨੂੰ ਚੁੱਪ ਕਰਾ ਕੇ ਇਨ੍ਹਾਂ ਇੱਲਾਂ ਦਾ ਹੌਸਲਾ ਬੁਲੰਦ ਕਰਦੇ ਹਨ। ਮਾਂ ਬਾਪ ਦੁਖੀ ਹੋ ਕੇ ਸੋਚਦੇ ਹਨ ਕਿ ਜੋ ਹੋ ਗਿਆ ਸੋ ਹੋ ਗਿਆ। ਇਕੱਲੇ ਇਕੱਲੇ ਰੌਲ੍ਹਾ ਪਾਵਾਂਗੇ ਤਾਂ ਇੱਲਾਂ ਦੇ ਝੁੰਡ ਸਾਡੇ 'ਤੇ ਹੋਰ ਝਪਟਣਗੇ। ਇਨ੍ਹਾਂ ਇੱਲਾਂ ਨੇ ਤਾਂ ਜੰਗਲ ਦਾ ਰਾਜ ਬਣਾਇਆ ਹੋਇਆ ਹੈ। ਮੈਂ ਸੋਚਦੀ ਹਾਂ, ਲੋਕਾਂ ਦੇ ਇਕੱਠ ਦਾ ਸ਼ੇਰ ਜੰਗਲ ਵਿਚ ਛੱਡ ਕੇ ਇੱਲਾਂ ਦੀਆਂ ਚੁੰਝਾਂ ਕੁਤਰੀਆਂ ਜਾ ਸਕਦੀਆਂ ਹਨ।